# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਬਠਿੰਡਾ

ਵੱਲ:

ਸਮੂਹ ਪ੍ਰਿੰਸੀਪਲ /ਮੁੱਖ ਅਧਿਆਪਕ /ਸਕੂਲ ਮੁੱਖੀ,ਬੀ.ਪੀ.ਈ.ਓਜ਼

ਸਰਕਾਰੀ ਮਿਡਲ, ਹਾਈ, ਸੈਕੰਡਰੀ ਸਕੂ਼ਲ,

ਬਠਿੰਡਾ।

ਪੱਤਰ ਨੰਬਰ:ਸਪੈਸ਼ਲ ਮਿਤੀ: 28-07-2018

ਵਿਸ਼ਾ: ਈ-ਪੰਜਾਬ ਪੋਰਟਲ ਤੇ ਵਕੈਂਸੀ ਸਬੰਧੀ ਡਾਟਾ ਤੁਰੰਤ ਵੈਰੀਫਾਈ/ਅਪਡੇਟ ਕਰਨ ਸਬੰਧੀ।

ਉਪਰੋਕਤ ਪੱਤਰ ਮਾਣਯੋਗ ਸਿੱਖਿਆ ਸਕੱਤਰ ਜੀ ਦੇ ਹੁਕਮਾਂ ਅਨੁਸਾਰ ਭੇਜਿਆ ਜਾ ਰਿਹਾ ਹੈ, ਉਕਤ ਹੁਕਮਾਂ ਦੀ ਇਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।

- ਸਮੂਹ ਪ੍ਰਿੰਸੀਪਲ /ਮੁੱਖ ਅਧਿਆਪਕ /ਸਕੂਲ ਮੁੱਖੀ ਧਿਆਨ ਦੇਣ ਕਿ ਈ-ਪੰਜਾਬ ਪੋਰਟਲ ਤੇ ਨਵੀ ਭਰਤੀ ਅਤੇ ਤਰੱਕੀ ਉਪਰੰਤ ਨਵੇ ਸਟੇਸ਼ਨ ਤੇ ਹਾਜ਼ਰ ਹੋਏ ਅਧਿਆਪਕਾ ਦਾ ਡਾਟਾ ਤੁਰੰਤ ਪੋਰਟਲ ਤੇ ਅਪਡੇਟ ਕੀਤਾ ਜਾਵੇ।
- ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਤਰੱਕੀ ਵਾਲੇ ਅਧਿਆਪਕਾ ਦਾ ਡਾਟਾ ਉਹਨਾ ਦੇ ਪਿਤਰੀ ਸਕੂਲ ਤੋ TRANSFER ਕਰਵਾਇਆ ਜਾਵੇ ਅਤੇ TRANSFER ਹੋਣ ਉਪਰੰਤ PROMOTION ਸਬੰਧੀ ਸੂਚਨਾ ਅਪਡੇਟ ਕੀਤੀ ਜਾਵੇ।
- 3582 ਨਵੀ ਭਰਤੀ ਵਾਲੇ ਅਧਿਆਪਕਾ ਦਾ New Staff ਵਾਲਾ ਪ੍ਰੋਫਾਰਮਾ ਪੂਰਾ ਭਰ ਕੇ (ਕੋਈ ਕਾਲਮ ਖਾਲੀ ਨਾ ਛੱਡ ਕੇ) misbathinda@punjabeducation.gov.in ਤੇ ਈਮੇਲ ਕੀਤਾ ਜਾਵੇ ਕਿਉਂਕਿ ਨਵੀ ਭਰਤੀ ਵਾਲੇ ਅਧਿਆਪਕਾਂ ਦਾ ਡਾਟਾ add (ਪਹਿਲਾ ਪੇਜ਼) ਸਿਰਫ ਜਿਲਾ MIS ਦੁਆਰਾ ਹੀ ਹੋ ਸਕਦਾ ਹੈ ਪਰ joining detail ਸਕੂਲ ਦੁਆਰਾ ਹੀ ਅਪਡੇਟ ਹੋਵੇਗੀ।
- ਮਾਣਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ ਜੀ ਦੇ ਯੋਗ ਆਦੇਸ਼ ਹਨ ਕਿ ਇਹ ਡਾਟਾ ਸ਼ਨੀਵਾਰ ਅਤੇ ਐਤਵਾਰ (28 and 29 JULY) ਤੱਕ ਹਰ ਹਾਲਤ ਵਿੱਚ (ਬਿਨਾਂ ਕਿਸੇ excuse ਦੇ) ਅਪਡੇਟ ਕੀਤਾ ਜਾਵੇ।
- ਈ-ਪੰਜਾਬ ਤੇ ਕਿਤੇ ਵੀ ਖਾਲੀ ਤੇ ਭਰੀ ਪੋਸਟ ਬਾਰੇ ਕੋਈ ਕਾਲਮ ਨਹੀ ਹੈ। ਸਿਰਫ ਸੈਕਸ਼ਨ ਪੋਸਟ ਦਾ ਕਾਲਮ ਹੈ ਅਤੇ ਜੋ ਮੌਜੂਦਾ ਸਟਾਫ ਦਾ ਡਾਟਾ ਹੈ, ਉਸ ਤੋ ਹੀ ਵਰਕਿੰਗ ਪੋਸਟ ਦਾ ਡਾਟਾ ਲਿਆ ਗਿਆ ਹੈ। ਹੋਰ ਵਰਕਿੰਗ ਦਾ ਕੋਈ ਵੱਖਰਾ ਕਾਲਮ ਨਹੀ ਹੈ। ਐਸ.ਐਸ.ਟੀ. ਅਤੇ ਇੰਗਲਿਸ਼ ਦੀਆਂ ਸੈਕਸ਼ਨ ਪੋਸਟਾਂ ਨੂੰ ਜੋੜ ਲਿਆ ਜਾਵੇਗਾ ਅਤੇ ਵਰਕਿੰਗ ਨੂੰ ਵੀ ਜੋੜ ਲਿਆ ਜਾਵੇਗਾ ਫਿਰ ਐਸ.ਐਸ.ਟੀ. ਦੀ ਵੈਕੈਸੀ ਤਿਆਰ ਹੋਵੇਗੀ ਕਿਉਕਿ ਕੁੱਝ ਸਕੂਲਾਂ ਵਿੱਚ ਐਸ.ਐਸ.ਟੀ. ਦੇ ਪੋਸਟ ਤੇ ਹੀ ਇੰਗਲਿਸ਼ ਵਾਲੇ ਅਧਿਆਪਕ ਕੰਮ ਕਰ ਰਹੇ ਹਨ।

- ਸਰਪਲੱਸ ਪੋਸਟਾਂ ਲਈ ਅੱਜ ਸੈਕਸ਼ਨ ਪੋਸਟਾਂ ਦੇ ਨਾਲ ਹੀ ਇਕ ਨਵਾ ਕਾਲਮ ਐਡ ਕਰ ਦਿੱਤਾ ਜਾਵੇਗਾ ਉਸ ਵਿੱਚ ਸਰਪਲੱਸ ਪੋਸਟ ਦਾ ਵੇਰਵੇ ਭਰਨਾ ਹੋਵੇਗਾ।
- ਸਮੂਹ ਬੀ.ਪੀ.ਈ.ਓਜ਼. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ PROMOTE ਹੋਏ ਅਧਿਆਪਕਾਂ ਦਾ ਡਾਟਾ ਅੱਜ ਸਵੇਰੇ 11:00 ਤੱਕ ਸਬੰਧਤ ਸਕੂਲ ਵਿੱਚ ਸ਼ਿਫਟ ਕਰਵਾਇਆ ਜਾਵੇ।

**ਬਲਜੀਤ ਕੁਮਾਰ**
**ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)**
**ਬਠਿੰਡਾ**